ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ

ਅਮਲਾ-4 ਸ਼ਾਖਾ

ਹੁਕਮ ਨੰ.: 19/23-2016 ਅ-2(1) ਅ-4(5)

ਮਿਤੀ : ਐਸ.ਏ.ਐਸ. ਨਗਰ ; 26-10-2017

ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਇਸ ਦਫਤਰ ਦੇ ਹੁਕਮ ਨੰ. 19/23-16ਅ2(4)ਅ4(5) ਮਿਤੀ 01.09.2017 ਰਾਹੀਂ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਦੀ ਸਿਫਾਰਿਸ਼ ਅਨੁਸਾਰ ਹੇਠ ਲਿਖੇ ਜੇ.ਬੀ.ਟੀ./ਈ.ਟੀ.ਟੀ. ਅਧਿਆਪਕ/ਅਧਿਆਪਕਾਵਾਂ ਨੂੰ ਬਤੌਰ ਖੇਤੀਬਾੜੀ ਮਾਸਟਰ/ਮਿਸਟ੍ਰੈਸ ਪੇ ਬੈਂਡ ਰੁਪਏ 10300-34800 (ਗ੍ਰੇਡ ਪੇ ਰੁਪਏ 5000) ਦੇ ਗ੍ਰੇਡ ਵਿੱਚ ਆਰਜੀ ਤੌਰ ਤੇ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਹੇਠ ਲਿਖੀਆਂ ਸ਼ਰਤਾਂ ਤਹਿਤ ਤਰੱਕੀ ਦਿੱਤੀ ਜਾਂਦੀ ਹੈ :

| ਲੜੀ ਨੰ. | ਕਰਮਚਾਰੀ ਦਾ ਨਾਂ (ਅਹੁਦਾ ਈਟੀਟੀ/ਜੇਬੀਟੀ) | ਤਰੱਕੀ ਤੋਂ ਪਹਿਲਾਂ | | ਵਿਸ਼ਾ | ਵਿਸ਼ੇਸ਼ ਕਥਨ |
|---|---|---|---|---|---|
| | | ਸਕੂਲ(ਸਪ੍ਰਸ/ਸਐਸ)/ ਬਲਾਕ/ ਜਿਲ੍ਹਾ | ਕੈਟਾਗਰੀ | | |
| 1 | ਸੰਤੋਖ ਸਿੰਘ | ਕੰਗਣਵਾਲ/ ਅਹਿਮਦਗੜ੍ਹ/ ਸੰਗਰੂਰ | ਜਨਰਲ | ਖੇਤੀਬਾੜੀ | |
| 2 | ਰਵੀ ਕੁਮਾਰ | ਧਰਾਂਗ ਵਾਲਾ/ ਅਬੋਹਰ-2/ ਫਾਜ਼ਿਲਕਾ | ਜਨਰਲ | ਖੇਤੀਬਾੜੀ | |
| 3 | ਸੋਹਨ ਸਿੰਘ | ਕੇਸਰ ਸਿੰਘ ਵਾਲਾ/ ਨਥਾਣਾ/ ਬਠਿੰਡਾ | ਜਨਰਲ | ਖੇਤੀਬਾੜੀ | |
| 4 | ਪਰਮਜੀਤ ਸਿੰਘ | ਭਾਗਸਰ (ਮੁੰ)/ ਮੁਕਤਸਰ-2/ ਸ੍ਰੀ ਮੁਕਤਸਰ ਸਾਹਿਬ | ਜਨਰਲ | ਖੇਤੀਬਾੜੀ | |
| 5 | ਨਵਨੀਤ ਸਿੰਘ | ਕੋਠੇ ਚੇਤ ਸਿੰਘ/ ਬਠਿੰਡਾ/ ਬਠਿੰਡਾ | ਐਸ.ਸੀ. (ਰੋਸਟਰ ਵਿਰੁੱਧ) | ਖੇਤੀਬਾੜੀ | |

ਸ਼ਰਤਾਂ :

1 ਸਬੰਧਿਤ ਕਰਮਚਾਰੀ/ਕਰਮਚਾਰਨ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਅਨੁਸਾਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਨਿਯਮਾਂ ਅਨੁਸਾਰ (ਬੀ.ਏ./ ਬੀ.ਐਸ.ਸੀ./ ਬੀ.ਐਡ./ ਬੀ.ਪੀ.ਐਡ/ ਡੀ.ਪੀ.ਐਡ ਆਦਿ) ਪਾਸ ਹੋਵੇ ਅਤੇ ਸਮੇਂ -ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ/ਕਰਦੀ ਹੋਵੇ।

2 ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਾਉਣ ਤੋਂ ਪਹਿਲਾਂ ਸਬੰਧਿਤ ਜਿਲ੍ਹਾ ਸਿੱਖਿਆ ਅਫਸਰ ਉਸ ਦਾ ਅਪ-ਟੂ-ਡੇਟ ਸੇਵਾ ਰਿਕਾਰਡ ਚੈਕ ਕਰਨਗੇ। ਰਿਕਾਰਡ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ ਸਗੋਂ ਇਸ ਬਾਰੇ ਸੂਚਨਾ ਡਾਇਰੈਕਟਰ ਨੂੰ ਭੇਜੀ ਜਾਵੇ।

3 ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੰ. ਜੀ.ਐਸ.ਆਰ.-33, ਕ.ਸ.2/ਆਰ.ਟੀ. 309/94 ਮਿਤੀ 04.05.1994 ਦੇ ਨਿਯਮ 18 ਅਧੀਨ ਕਰਮਚਾਰੀ/ਕਰਮਚਾਰਨ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਵਿਖੇ ਮਿਤੀ 03.11.2017 ਤੱਕ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨਗੇ। ਜਿਲ੍ਹਾ ਸਿੱਖਿਆ ਅਫਸਰਾਂ(ਸੈ.ਸਿ.) ਦੇ ਨੁਮਾਇੰਦੇ ਹਾਜ਼ਰੀ ਰਿਪੋਰਟਾਂ ਲੈ ਕੇ ਸਟੇਸ਼ਨ ਚੋਣ ਵਾਲੇ ਦਿਨਾਂ ਨੂੰ ਡਾਇਰੇਟੋਰੇਟ ਵਿਖੇ ਹਾਜ਼ਰ ਹੋਣਗੇ। ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਕਰਮਚਾਰੀ/ਕਰਮਚਾਰਨ ਨੂੰ ਦੋ ਸਾਲ ਦੇ ਸਮੇਂ ਲਈ ਉਕਤ ਨੋਟੀਫਿਕੇਸ਼ਨ ਦੀ ਰੋਸ਼ਨੀ ਵਿੱਚ ਡੀਬਾਰ ਸਮਝਿਆ ਜਾਵੇਗਾ।

4 ਇਹ ਤਰੱਕੀ ਦੇ ਹੁਕਮ ਤੱਥਾਂ ਦੇ ਗਲਤ ਸਾਬਤ ਹੋਣ ਜਾਂ ਸਬੰਧਿਤ ਕਰਮਚਾਰੀ ਵੱਲੋਂ ਗਲਤ ਵੇਰਵੇ ਦੇਣ ਕਾਰਨ ਜਾਂ ਕੰਮ/ਆਚਰਣ ਤਸੱਲੀ ਬਖਸ਼ ਨਾ ਹੋਣ ਕਾਰਨ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ।

5 ਸਬੰਧਿਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਸੀਨੀਆਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ।

6 ਸਬੰਧਿਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।

7 ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਪੱਤਰ-ਵਿਹਾਰ/ਰੈਗੂਲਰ ਮੋਡ ਰਾਹੀਂ ਵਿਦਿਅਕ ਯੋਗਤਾਵਾਂ ਹਾਸਲ ਕੀਤੀਆ ਹਨ, ਉਨ੍ਹਾਂ ਨੇ ਵਿਭਾਗੀ ਮੰਜ਼ੂਰੀ ਲਈ ਹੋਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਜੇਕਰ ਅਜਿਹੇ ਕਰਮਚਾਰੀਆਂ ਨੇ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਰੈਗੂਲਰ ਤੌਰ ਤੇ ਪ੍ਰਾਪਤ ਕੀਤੀਆਂ ਹਨ, ਤਾਂ ਇਸ ਸਬੰਧੀ ਸਮਰੱਥ ਅਧਿਕਾਰੀ ਤੋਂ ਲੋੜੀਂਦੀ ਛੁੱਟੀ ਸਬੰਧੀ ਮੰਜ਼ੂਰੀ ਪ੍ਰਾਪਤ ਕੀਤੀ ਹੋਵੇ।

8 ਜੇਕਰ ਕਰਮਚਾਰੀ/ਕਰਮਚਾਰਨ ਨੇ ਪ੍ਰਸਤਾਵਿਤ ਤਰੱਕੀ ਤੋਂ ਪਹਿਲਾਂ ਨਿਯਮਾਂ ਅਨੁਸਾਰ ਹੈੱਡ-ਟੀਚਰ ਜਾਂ ਇਸ ਤੋਂ ਅਗਲੇਰੀ ਤਰੱਕੀ ਪ੍ਰਾਪਤ ਕਰ ਲਈ ਹੋਵੇ ਜਾਂ ਪ੍ਰਸਤਾਵਿਤ ਤਰੱਕੀ ਤੋਂ ਡੀਬਾਰ ਕਰਨ ਦਾ ਸਮਾਂ ਦੋ ਸਾਲ ਤੋਂ ਘੱਟ ਹੋਵੇ, ਤਾਂ ਉਸ ਨੂੰ ਹਾਜ਼ਰ ਨਾ ਕਰਵਾਇਆ ਜਾਵੇ ਅਤੇ ਸੂਚਨਾ ਇਸ ਦਫਤਰ ਨੂੰ ਭੇਜੀ ਜਾਵੇ।

9 ਜੇਕਰ ਸਬੰਧਿਤ ਕਰਮਚਾਰੀ/ਕਰਮਚਾਰਨ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਆਪਣੀ ਤਰੱਕੀ ਅਵੇਲ ਨਹੀਂ ਕਰਦਾ ਤਾਂ ਇਸ ਸਬੰਧੀ ਇੰਦਰਾਜ ਸਮਰੱਥ ਅਧਿਕਾਰੀ (ਡੀ.ਡੀ.ਓਜ਼.) ਉਸ ਦੀ ਸੇਵਾ ਪੱਤਰੀ ਵਿੱਚ ਕਰੇਗਾ।

10 ਜੇਕਰ ਇਸ ਕਾਰਨ ਵੱਖ-ਵੱਖ ਕਾਡਰਾਂ ਵਿੱਚ ਪਦ-ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਜਾਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰੀਵਰਟ ਕਰ ਦਿੱਤਾ ਜਾਵੇਗਾ।

11 ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰਬੇਸ਼ਨ ਤੇ ਹੋਵੇਗੀ।

12 ਸਿ.ਰਿ.ਪਟੀ. ਨੰ. 15997 ਆਫ 2016 ਕਵਿਤਾ ਰਾਣੀ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਮੇਲ ਖਾਦੀਆਂ ਰਿੱਟ ਪਟੀਸ਼ਨਾਂ ਅਤੇ ਹੋਰ ਕਿਸੇ ਕੋਰਟ ਕੇਸ ਵਿੱਚ ਹੋਣ ਵਾਲਾ ਅੰਤਿਮ ਫੈਸਲਾ ਲਾਗੂ ਹੋਵੇਗਾ। ਪਦ-ਉਨਤੀਆਂ ਬਿਲਕੁੱਲ ਆਰਜੀ ਹਨ ਅਤੇ ਉਕਤ ਰਿੱਟ ਪਟੀਸ਼ਨਾਂ ਦੇ ਫੈਸਲੇ ਉਪਰ ਨਿਰਭਰ ਕਰਨਗੀਆਂ।

ਪਰਮਜੀਤ ਸਿੰਘ (ਪੀ.ਸੀ.ਐਸ.)
ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

ਪਿਠ ਅੰਕਣ ਨੰ.: ਉਕਤ ਮਿਤੀ : 27-10-2017

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।

2 ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।

3 ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ. ਨਗਰ।

4 ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ।

5 ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਫਾਰਗ ਕਰਨ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਪਿਛਲੇ ਪੰਜ ਸਾਲਾਂ ਦਾ ਸੇਵਾ ਰਿਕਾਰਡ ਚੈੱਕ ਕਰਨ ਅਤੇ ਰਿਕਾਰਡ ਤਸੱਲੀਬਖਸ਼ ਹੋਣ ਉਪਰੰਤ ਕਰਮਚਾਰੀ ਨੂੰ ਫਾਰਗ ਕੀਤਾ ਜਾਵੇ।

6 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜ਼ਰ ਕਰਾਉਣ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਸੇਵਾ ਰਿਕਾਰਡ, ਸਲਾਨਾ ਗੁਪਤ ਰਿਪੋਰਟਾਂ, ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਸਬੰਧੀ ਰਿਕਾਰਡ ਚੈੱਕ ਕਰਨਗੇ। ਇਹ ਵੀ ਸੁਨਿਸ਼ਚਿਤ

ਕੀਤਾ ਜਾਵੇ ਕਿ ਕਰਮਚਾਰੀਆਂ ਦੀਆਂ ਵਿਦਿਅਕ ਯੋਗਤਾਵਾਂ/ਡਿਗਰੀਆਂ ਯੂ.ਜੀ.ਸੀ./ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਸੇਵਾ ਰਿਕਾਰਡ ਤਸੱਲੀਬਖਸ਼ ਨਾ ਹੋਣ ਦੀਆਂ ਵਿਦਿਅਕ ਯੋਗਤਾਵਾਂ/ਡਿਗਰੀਆਂ ਯੂ.ਜੀ.ਸੀ. ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ, ਸਗੋਂ ਇਸ ਸਬੰਧੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜਿਹੜੇ ਕਰਮਚਾਰੀ ਨਿਸ਼ਚਿਤ ਸਮੇਂ ਅੰਦਰ ਹਾਜ਼ਰ ਨਹੀਂ ਹੁੰਦੇ, ਉਨ੍ਹਾਂ ਦੀ ਸੂਚਨਾ ਤੁਰੰਤ ਡਾਇਰੈਕਟੋਰੇਟ ਨੂੰ ਭੇਜਣਗੇ। ਜਿਨ੍ਹਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਬਾਹਰਲੀ ਯੂਨੀਵਰਸਿਟੀਆਂ ਤੋਂ ਵਿਦਿਅਕ ਯੋਗਤਾਵਾਂ ਪਾਸ ਕੀਤੀਆਂ ਹਨ, ਉਨ੍ਹਾਂ ਦੀ ਵੈਰੀਫਿਕੇਸ਼ਨ ਦੀ ਸ਼ਰਤ ਲਗਾ ਕੇ ਹਾਜ਼ਰ ਕਰਵਾਇਆ ਜਾਵੇ। ਉਨ੍ਹਾਂ ਦੀਆਂ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸਬੰਧਤ ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਏ ਜਾਣ। ਇਹ ਪ੍ਰਕਿਰਿਆ ਤਿੰਨ ਮਹੀਨੇ ਦੇ ਅੰਦਰ-ਅੰਦਰ ਪੂਰੀ ਕਰ ਲਈ ਜਾਵੇ ਅਤੇ ਇਸ ਦੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜੇਕਰ ਯੂਨੀਵਰਸਿਟੀ ਦੀ ਕੋਈ ਫੀਸ ਅਦਾ ਕਰਨੀ ਹੋਵੇ ਤਾਂ ਉਹ ਸਬੰਧਤ ਕਰਮਚਾਰੀ ਵੱਲੋਂ ਕੀਤੀ ਜਾਵੇ। ਪੰਜਾਬ ਰਾਜ ਤੋਂ ਬਾਹਰਲੀਆਂ ਯੂਨਵਰਸਿਟੀਆਂ ਤੋਂ ਪੱਤਰ-ਵਿਹਾਰ ਰਾਹੀਂ ਪ੍ਰਸਤਾਵਿਤ ਤਰੱਕੀ ਲਈ ਲੋੜੀਦੀਆਂ ਯੋਗਤਾਵਾਂ (ਬੀ.ਏ./ਬੀ.ਐਡ./ਬੀ.ਐਸ.ਈ./ ਬੀ.ਪੀ.ਐੱਡ./ ਡੀ.ਪੀ.ਐੱਡ. ਆਦਿ) ਪ੍ਰਾਪਤ ਕੀਤੇ ਜਾਣ ਦੀ ਸੂਰਤ ਵਿੱਚ ਕਰਮਚਾਰੀ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਇਸ ਦਫਤਰ ਤੋਂ ਅਗਵਾਈ ਲਈ ਜਾਵੇ।

7 ਸਬਧੰਤ ਕਰਮਚਾਰੀ/ਕਰਮਚਾਰਨ ਇਹਨਾਂ ਹੁਕਮਾਂ ਦੀ ਕਾਪੀ www.ssapunjab.org ਤੋਂ ਪ੍ਰਾਪਤ ਕਰਨਗੇ।

ਨੋਟ:

ਜਿਨ੍ਹਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਵੀ ਡਿਗਰੀਆਂ ਕੀਤੀਆਂ ਹਨ ਉਹ ਵੀ ਸਬੰਧਤ ਯੂਨੀਵਰਸਿਟੀਆਂ ਤੋਂ ਚੈੱਕ ਕਰਵਾ ਲਈਆਂ ਜਾਣ। ਇਹ ਪ੍ਰਕਿਰਿਆ ਵੀ ਤਿੰਨ ਮਹੀਨੇ ਵਿੱਚ ਪੂਰੀ ਕਰ ਲਈ ਜਾਵੇ ਅਤੇ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ।

27/10/2017
ਸਹਾਇਕ ਡਾਇਰੈਕਟਰ (ਸ:ਪ੍ਰ:4)